ਦਫ਼ਤਰ ਡਾਇਰੈਕਟਰ, ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਐਸ.ਏ.ਐਸ.ਨਗਰ।
(ਪ੍ਰਮੋਸ਼ਨ ਸੈੱਲ)

ਦਫ਼ਤਰੀ ਕਾਰਜ ਲਈ ਨੋਟਿਸ ਮਿਤੀ 13.08.2025

ਵਿਸ਼ਾ- ਨਾਨ-ਟੀਚਿੰਗ ਕਾਡਰ ਤੋਂ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਸਬੰਧੀ।

1. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਤੋਂ ਪ੍ਰਾਪਤ ਵੇਰਵਿਆਂ ਦੇ ਆਧਾਰ ਤੇ ਤਿਆਰ ਕੀਤੀ ਗਈ ਇੰਟਰਸੇ ਸੀਨੀਆਰਤਾ ਇਸ ਨੂੰ ਵਿਭਾਗ ਦੀ ਵੈੱਬ-ਸਾਈਟ ਤੇ ਜਾਰੀ ਕਰਕੇ ਇਸ ਤੇ ਪ੍ਰਾਪਤ ਇਤਰਾਜਾਂ ਨੂੰ ਘੋਖਦਿਆਂ ਇਸ ਇੰਟਰਸੇ ਸੀਨੀਆਰਤਾ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ। ਮੁੜ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਇੰਟਰਸੇ ਸੀਨੀਆਰਤਾ ਸਮੂਹ ਜਿ.ਸਿ.ਅ. ਦੇ ਦਫ਼ਤਰਾਂ ਤੋਂ ਪ੍ਰਾਪਤ ਸੂਚਨਾਂ / ਵੇਰਵਿਆਂ ਦੇ ਆਧਾਰ ਤੇ ਤਿਆਰ ਕੀਤੀ ਗਈ ਹੈ।
2. ਇਸ ਇੰਟਰਸੇ ਸੀਨੀਆਰਤਾ ਸੂਚੀ ਵਿੱਚ ਦਰਜ ਕਰਮਚਾਰੀ ਜੋ ਮਿਤੀ 02.06.2025 ਤੱਕ ਮਾਸਟਰ ਕਾਡਰ ਦੀ ਪਦ-ਉੱਨਤੀ ਦੀ ਯੋਗਤਾ ਰੱਖਦੇ ਹਨ, ਉਹ ਇਸ ਨੋਟਿਸ ਨਾਲ ਨੱਥੀ ਪਾਤਰਤਾ ਸੂਚੀ ਦੇ ਪ੍ਰੋਫਾਰਮੇ ਸਮੇਤ ਮੁਕੰਮਲ ਕੇਸ ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਦੇ ਦਫ਼ਤਰ ਵਿਖੇ ਮਿਤੀ 22.08.2025 ਤੱਕ ਜਮਾਂ ਕਰਵਾਉਣਗੇ।
3. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਦੇ ਦਫ਼ਤਰਾਂ ਵੱਲੋਂ ਕੇਸ ਵਿਸ਼ਾਵਾਰ ਬੰਡਲ ਤਿਆਰ ਕਰਕੇ ਆਪਣੇ ਦਫ਼ਤਰੀ ਰਿਕਾਰਡ ਵਿੱਚ ਹੀ ਰੱਖੇ ਜਾਣਗੇ ਅਤੇ ਪਾਤਰਤਾ ਸੂਚੀਆਂ, ਵਿਸ਼ਾਵਾਰ ਸੰਕਲਿਤ ਰੂਪ ਵਿੱਚ, ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰ ਵੱਲੋ ਤਸਦੀਕ ਕਰਨ ਉਪਰੰਤ ਸਾਫਟ ਅਤੇ ਹਾਰਡ ਕਾਪੀਆਂ (ਅਸਲ), ਦਸਤੀ ਇਸ ਦਫ਼ਤਰ ਨੂੰ ਮਿਤੀ 27.08.2025 ਤੱਕ ਭੇਜੀਆਂ ਜਾਣਗੀਆਂ।
4. ਇਹ ਸਪੱਸ਼ਟ ਰੂਪ ਵਿੱਚ ਲਿਖਿਆ ਜਾਂਦਾ ਹੈ ਕਿ ਕੇਸ ਕੇਵਲ ਪਦ-ਉੱਨਤੀ ਲਈ ਹਰ ਪੱਖੋਂ ਯੋਗ ਕਰਮਚਾਰੀ ਦੇ ਹੀ ਪ੍ਰਾਪਤ ਕੀਤੇ ਜਾਣੇ ਹਨ। ਪਦ-ਉੱਨਤੀਆਂ ਕੇਵਲ ਸੀਨੀਆਰਤਾ ਅਨੁਸਾਰ ਅਤੇ ਰੋਸਟਰ ਨੁਕਤਿਆਂ ਅਨੁਸਾਰ ਉਪਲਬੱਧ ਖਾਲੀ ਆਸਾਮੀਆਂ ਦੀ ਗਿਣਤੀ ਅਨੁਸਾਰ ਹੀ ਵਿਚਾਰੀਆਂ ਜਾਣੀਆਂ ਹਨ। ਸੀਨੀਆਰਤਾ ਸੂਚੀ ਵਿੱਚ ਨਾਮ ਦਰਜ ਹੋਣ ਨਾਲ ਅਤੇ ਪਾਤਰਤਾ ਸੂਚੀ ਵਿੱਚ ਨਾਮ ਦਰਜ ਹੋਣ ਨਾਲ ਕੋਈ ਵੀ ਕਰਮਚਾਰੀ ਪਦ-ਉੱਨਤੀ ਦਾ ਦਾਅਵੇਦਾਰ ਨਹੀਂ ਹੋਵੇਗਾ।
5. ਪਾਤਰਤਾ ਸੂਚੀ ਦਾ ਪ੍ਰੋਫਾਰਮਾ ਅੰਗਰੇਜੀ ਭਾਸ਼ਾ ਦੇ Times New Roman ਫੌਂਟ ਵਿੱਚ ਅਤੇ ਇਸ ਨੋਟਿਸ ਨਾਲ ਅਟੈਚ ਕੀਤੀ ਗਈ ਇੰਟਰਸੇ ਸੀਨੀਆਰਤਾ ਵਾਈਜ਼ ਸੰਕਲਿਤ ਕੀਤਾ ਜਾਵੇ।

ਨੱਥੀ- ਇੰਟਰਸੇ ਸੀਨੀਆਰਤਾ ਸੂਚੀ ਅਤੇ
ਪਦ-ਉੱਨਤੀ ਲਈ ਪਾਤਰਤਾ ਸੂਚੀ ਦਾ ਪ੍ਰੋਫਾਰਮਾ

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)

ਹੇਠਾਂ ਦਰਸਾਏ ਅਨੁਸਾਰ ਪਾਤਰਤਾ ਸੂਚੀ ਤਿਆਰ ਕਰਨ ਦਾ ਪ੍ਰੋਫਾਰਮਾ ਭਰਨ ਸਮੇਂ ਕੋਈ ਵੀ ਕਾਲਮ ਮਰਜ ਨਾ ਕੀਤੀ ਜਾਵੇ। ਇਕ ਕਰਮਚਾਰੀ ਦੀ ਸੂਚਨਾਂ ਲਈ ਇੱਕ ਹੀ Row ਵਰਤੀ ਜਾਵੇ। ਫੌਂਟ ਕੇਵਲ Times New Roman ਹੀ ਵਰਤਿਆ ਜਾਵੇ

| Interse Sen. No. | E-punjab Staff I D | Name | Designation at the time of First Appointment | Date of First Promotion | Present Designation | Place of Posting | District | Category | Date of Birth | | | If there is any departmental complaint/inquiry pending or any court case against the employee, details should be given. | Ranking Of ACR's / Last | | | | | | Details of Qualifications | | | | | | If the employee is a petitioner of any writ petition, the details of case shoulkd be recorded | Subject of Promotion |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| | | | | | | | | | DaY | Month | Year | | 2020-21 | 2021-22 | 2022-23 | 2023-24 | 2024-25 | Spl. | Name of University and Subjects studied in the first year of graduation and Date of Passing | Name of University and Subjects studied in the 2nd year of graduation and Date of Passing | Name of University and Subjects studied in the Final year of graduation and Date of Passing | Name of University and Additional subject studied in graduation and year of Passing | Teaching Subjects of B.ed and Year of Passing | Date of Passing of PSTET -2 | | |
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 | 17 | 18 | 19 | 20 | 21 | 22 | 23 | 24 | 25 | 26 | 27 |